Washington State Department of Social & Health Services
Transforming lives

ਦਸੰਬਰ 2023

# ਕਮਿਉਨਿਟੀ ਫ਼ਰਸਟ ਚੌਇਸ

## ਸੰਖੇਪ ਜਾਣਕਾਰੀ

ਕਮਿਉਨਿਟੀ ਫ਼ਰਸਟ ਚੌਇਸ DSHS ਵਿਕਾਸਾਤਮਕ ਵਿਕਲਾਂਗਤਾ ਪ੍ਰਸ਼ਾਸਨ ਦਾ ਸਟੇਟ ਪਲਾਨ ਹੈ ਜੋ ਵਿਅਕਤੀਆਂ ਨੂੰ ਭਾਈਚਾਰੇ ਵਿੱਚ ਰਹਿਣ ਵਿੱਚ ਸਹਾਇਤਾ ਕਰਦਾ ਹੈ। ਬੱਚਿਆਂ ਜਾਂ ਬਾਲਗਾਂ ਨੂੰ ਉਹਨਾਂ ਦੇ ਆਪਣੇ ਘਰ, ਬਾਲਗ ਪਰਿਵਾਰ ਦੇ ਘਰ ਜਾਂ ਸਹਾਇਤਾ ਪ੍ਰਾਪਤ ਰਹਿਣ ਦੀ ਸੁਵਿਧਾ ਵਿੱਚ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਸੇਵਾਵਾਂ

- **ਨਿੱਜੀ ਦੇਖਭਾਲ** ਨਹਾਉਣ, ਕੱਪੜੇ ਪਹਿਨਣ ਜਾਂ ਦਵਾਈ ਪ੍ਰਬੰਧਨ ਜਿਵੇਂ ਰੋਜਾਨਾ ਦੇ ਕਾਰਜਾਂ ਵਿੱਚ ਸਹਾਇਤਾ।
- **ਰਾਹਤ ਦੇਖਭਾਲ** ਜੇਕਰ ਨਿਯਮਿਤ ਦੇਖਭਾਲਕਰਤਾ ਉਪਲਬਧ ਨਹੀਂ ਹੈ ਤਾਂ ਇਸ ਦੀ ਵਰਤੋਂ ਕੀਤੀ ਜਾ ਸਕਦੀ ਹੈ।
- **ਕੁਸ਼ਲਤਾ ਅਧੀਗ੍ਰਹਿਣ** ਰੋਜਾਨਾ ਨਿੱਜੀ ਦੇਖਭਾਲ ਕਾਰਜਾਂ ਨਾਲ ਵੱਧ ਆਜਾਦੀ ਬਣਾਉਣ ਵਾਸਤੇ ਸਿਖਲਾਈ।
- **ਸਹਾਇਕ ਤਕਨਾਲੋਜੀ** ਅਜਿਹੇ ਡਿਵਾਈਸ ਜੋ ਨਿੱਜੀ ਦੇਖਭਾਲ ਕਾਰਜਾਂ ਨੂੰ ਵੱਧ ਸੁਤੰਤਰ ਤੌਰ 'ਤੇ ਪੂਰਾ ਕਰਨ ਵਿੱਚ ਮਦਦ ਕਰ ਸਕਦੀਆਂ ਹਨ।
- **ਵਿਅਕਤੀਗਤ ਆਪਾਤਕਾਲੀਨ ਪ੍ਰਤੀਕਿਰਿਆ ਸਿਸਟਮ** ਫ਼ੋਨ ਨਾਲ ਜੁੜਿਆ ਇੱਕ ਇਲੈਕਟ੍ਰਾਨਿਕ ਡਿਵਾਈਸ ਜੋ ਆਪਾਤਕਾਲੀਨ ਸਥਿਤੀ ਵਿੱਚ ਮਦਦ ਵਾਸਤੇ ਕਾਲ ਕਰਦਾ ਹੈ।
- **ਦੇਖਭਾਲਕਰਤਾ ਪ੍ਰਬੰਧਨ ਸਿਖਲਾਈ** ਦੇਖਭਾਲਕਰਤਾ ਨੂੰ ਕੰਮ 'ਤੇ ਰੱਖਣ, ਪ੍ਰਬੰਧਿਤ ਕਰਨ ਅਤੇ ਬਰਖ਼ਾਸਤ ਕਰਨ ਵਿੱਚ ਮਦਦ ਕਰਨਾ ਸਿਖਾਉਂਦੀ ਹੈ।
- **ਭਾਈਚਾਰਾ ਆਵਾਜਾਈ ਸੇਵਾਵਾਂ** ਇੱਕ ਯੋਗ ਸੰਸਥਾਗਤ ਸੈਟਿੰਗ ਨਾਲ ਭਾਈਚਾਰੇ ਵੱਲ ਵਧਣ ਵਿੱਚ ਸਹਾਇਤਾ ਕਰਦੀਆਂ ਹਨ।
- **ਨਰਸ ਪ੍ਰਤੀਨਿਧੀ ਮੰਡਲ** ਘਰ ਵਿੱਚ ਕੁਝ ਕਾਰਜ ਕਰਨ ਵਾਸਤੇ ਦੇਖਭਾਲਕਰਤਾ ਵਾਸਤੇ ਸਿਖਲਾਈ ਅਤੇ ਨਰਸਿੰਗ ਸਿਖਲਾਈ।

## ਯੋਗਤਾ

ਕਰਮਚਾਰੀ ਜੋ:

- DDA ਦੇ ਗਾਹਕ ਹਨ ਜਾਂ ਜੇਕਰ 18 ਸਾਲ ਤੋਂ ਘੱਟ ਉਮਰ ਦੇ ਹਨ ਤਾਂ ਉਹਨਾਂ ਨੂੰ ਯੋਗਤਾ ਕਾਰਜਾਤਮਕ ਵਿਕਲਾਂਗਤਾ ਹੁੰਦੀ ਹੈ।
- Apple Health ਜਾਂ ਦੂਜੇ ਵਿਕਲਪਿਕ ਲਾਭ ਪਲਾਨ ਦੇ ਤਹਿਤ ਯੋਗਤਾ ਪ੍ਰਾਪਤ ਕਰਦੇ ਹਨ।
- ਜਿਹਨਾਂ ਦੀ ਵਿਕਲਾਂਗਤਾ ਦੀ ਕਾਰਜਾਤਮਕ ਸੀਮਾਵਾਂ ਕਰਕੇ ਵਿਅਕਤੀਗਤ ਦੇਖਭਾਲ ਜ਼ਰੂਰਤਾਂ ਪੂਰੀਆਂ ਨਹੀਂ ਹੋਈਆਂ ਹਨ।
- ਦੇਖਭਾਲ ਦੇ ਸੰਸਥਾਗਤ ਪੱਧਰ ਨੂੰ ਪੂਰਾ ਕਰਦੇ ਹਨ।
- ਸੰਸਥਾਗਤ ਸੇਵਾਵਾਂ ਤੋਂ ਛੁੱਟ ਘਰੇਲੂ ਅਤੇ ਭਾਈਚਾਰੇ-ਅਧਾਰਿਤ ਸੇਵਾਵਾਂ ਪ੍ਰਵਾਣ ਕਰਨ ਲਈ ਸਹਿਮਤ ਹਨ।
- ਆਪਣੇ ਘਰ, ਸਹਾਇਤਾ ਪ੍ਰਾਪਤ ਰਹਿਣ ਦੀ ਸੁਵਿਧਾ ਜਾਂ ਬਾਲਗ ਪਰਿਵਾਰ ਦੇ ਘਰ ਵਿਖੇ ਹਨ



## ਅਥਾਰਿਟੀ

ਕਮਿਉਨਿਟੀ ਫ਼ਰਸਟ ਚੌਇਸ ਇੱਕ Medicaid ਯੋਗਤਾ ਸਟੇਟ ਪਲਾਨ ਵਿਕਲਪ ਹੈ ਜੋ ਸੋਸ਼ਲ ਸਕਿਉਰਿਟੀ ਐਕਟ ਦੇ 1915(k) ਦੇ ਤਹਿਤ ਅਫ਼ੋਰਡੇਬਲ ਕੇਅਰ ਐਕਟ ਦੁਆਰਾ ਸਥਾਪਿਤ ਕੀਤਾ ਗਿਆ ਹੈ। ਇਸ ਦਾ ਪ੍ਰਬੰਧਨ ਵਾਸ਼ਿੰਗਟਨ ਸਟੇਟ ਦਾ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ (Washington State Department of Social and Health Services) ਦੁਆਰਾ ਕੀਤਾ ਜਾਂਦਾ ਹੈ।

RCW 74.39A.400, ਨਿੱਜੀ ਦੇਖਭਾਲ ਸੇਵਾਵਾਂ – ਕਮਿਉਨਿਟੀ ਫ਼ਰਸਟ ਚੌਇਸ ਵਿਕਲਪ

ਚੈਪਟਰ 388-106 WAC, ਲੰਮੀ ਮਿਆਦ ਦੀਆਂ ਸੰਭਾਲ ਸੇਵਾਵਾਂ



*(ਅਗਲੇ ਪੇਜ 'ਤੇ ਜਾਰੀ)*

## ਬਜਟ

ਲਗਭਗ 16,500 DDA ਨਾਮਾਂਕਿਤ ਵਿਅਕਤੀਆਂ ਨੂੰ ਕਮਿਊਨਿਟੀ ਫ਼ਰਸਟ ਚੌਇਸ ਪ੍ਰੋਗਰਾਮ ਰਾਹੀਂ ਸਹਾਇਤਾ ਪ੍ਰਾਪਤ ਹੁੰਦੀ ਹੈ।

ਇਹ ਖ਼ਰਚਾ ਕਈ ਬਜ਼ਟ ਇਕਾਈਆਂ ਨੂੰ ਪਾਰ ਕਰਦੇ ਹਨ ਅਤੇ ਅਸੀਂ ਵਰਤਮਾਨ ਵਿੱਚ ਇਸ ਪੱਧਰ 'ਤੇ ਨਜ਼ਰ ਨਹੀਂ ਰੱਖਦੇ ਹਾਂ।

## ਰੇਟ

CFC ਸੇਵਾਵਾਂ ਕਈ ਵੱਖ-ਵੱਖ ਅਨੁਬੰਧਿਤ ਸੇਵਾ ਪ੍ਰਦਾਤਿਆਂ ਦੁਆਰਾ ਵੰਡੀਆਂ ਜਾਂਦੀਆਂ ਹਨ ਜਿਹਨਾਂ ਦੀਆਂ ਦਰਾਂ ਪੇਸ਼ ਕੀਤੀ ਸੇਵਾ 'ਤੇ ਨਿਰਭਰ ਹੁੰਦੀਆਂ ਹਨ।

## ਪਾਰਟਨਰ

- ਵਿਅਕਤੀਗਤ ਪ੍ਰਾਪਤ ਹੋਣ ਵਾਲੀਆਂ ਸੇਵਾਵਾਂ।
- ਪ੍ਰੋਗਰਾਮ ਭਾਗੀਦਾਰਾਂ ਦੇ ਪਰਿਵਾਰ।
- DSHS ਏਜਿੰਗ ਅਤੇ ਲੌਂਗ-ਟਰਮ ਸਪੋਰਟ ਐਡਮਿਨੀਸਟ੍ਰੇਸ਼ਨ।
- ਡਿਪਾਰਟਮੈਂਟ ਆਫ਼ ਚਿਲਡਰਨ, ਯੂਥ ਅਤੇ ਫੈਮਿਲੀਜ਼।
- ਆਰਕ ਆਫ਼ ਵਾਸ਼ਿੰਗਟਨ।
- DD ਲੋਕਪਾਲ।
- ਵਿਕਲਾਂਗਤਾ ਅਧਿਕਾਰ ਵਾਸ਼ਿੰਗਟਨ।
- ਵਾਸ਼ਿੰਗਟਨ ਸਟੇਟ ਡਿਵੈਲਪਮੈਂਟਲ ਡਿਸਐਬਲਿਟੀਜ਼ ਕਾਉਂਸਲਿ।
- ਹੈਲਥ ਕੇਅਰ ਅਥਾਰਿਟੀ।
- ਸੂਚਿਤ ਪਰਿਵਾਰ।



## ਨਿਗਰਾਨੀ

### ਬਾਹਰੀ

- ALTSA ਰਿਹਾਇਸ਼ੀ ਦੇਖਭਾਲ ਸੇਵਾਵਾਂ ਡਿਵੀਜ਼ਨ।
- Centers for Medicare and Medicaid ਸੇਵਾਵਾਂ।
- ਸਟੇਟ ਔਡੀਟਰ ਦਾ ਦਫ਼ਤਰ।
- ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਹੈਲਥ।

### ਅੰਦਰੂਨੀ

- DDA ਆਫ਼ਿਸ ਆਫ਼ ਕੁਆਲਿਟੀ ਪ੍ਰੋਗਰਾਮ ਅਤੇ ਸਰਵੀਸਿਜ਼।
- DDA ਆਫ਼ਿਸ ਆਫ਼ ਕੰਪਲਾਇੰਸ, ਮੋਨੀਟਰਿੰਗ ਅਤੇ ਟ੍ਰੇਨਿੰਗ।
- DDA ਸਟੇਟਵਾਈਡ ਇਨਵੈਸਟੀਗੇਸ਼ਨ ਯੂਨਿਟ।

ਸੰਪਰਕ: **Suzan Halle,** *ਕਮਿਊਨਿਟੀ ਫ਼ਰਸਟ ਚੌਇਸ ਪ੍ਰੋਗਰਾਮ ਮੈਨੇਜਰ* • Suzan.Halle@dshs.wa.gov • 360-764-3561
**Melissa Randles,** *ਸਟੇਟ ਪਲਾਨ ਸਰਵੀਸਿਜ਼ ਯੂਨਿਟ ਮੈਨੇਜਰ* • Melissa.Randles@dshs.wa.gov • 360-764-0405

DDA ਵੈੱਬਸਾਈਟ: https://www.dshs.wa.gov/dda/

ਵਾਸ਼ਿੰਗਟਨ ਸਟੇਟ ਦਾ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ
(Washington State Department of Social and Health Services)